ਪੰਜਾਬੀ ਪ੍ਰਕਾਸ਼ਨ

॥ ੴ ਸਤਿਗੁਰ ਪ੍ਰਸਾਦਿ ॥

# ਗੁਰਮਤਿ ਸਟੱਡੀ

Gurmat Study

ਮਾਸਿਕ ਈ-ਜ਼ਾਇਨ : ਅੰਕ ੧ | ੧ ਸਿਤੰਬਰ ੨੦੦੬ | ੧੭ ਭਾਦੋਂ ਸੰਮਤ ਨਾਨਕਸ਼ਾਹੀ ੫੩੮

### ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ

**੧ ਸਿਤੰਬਰ**
ਪਹਿਲਾ ਪ੍ਰਕਾਸ਼
ਗੁਰੂ ਗ੍ਰੰਥ ਸਹਿਬ ਜੀ

**੧੬ ਸਿਤੰਬਰ**
ਜੋਤੀ ਜੋਤ
ਗੁਰੂ ਅਮਰਦਾਸ ਜੀ

ਗੁਰ ਗੱਦੀ
ਗੁਰੂ ਰਾਮਦਾਸ ਜੀ

ਜੋਤੀ ਜੋਤ
ਗੁਰੂ ਰਾਮਦਾਸ ਜੀ

ਗੁਰ ਗੱਦੀ
ਗੁਰੂ ਅਰਜਨ ਦੇਵ ਜੀ

**੧੮ ਸਿਤੰਬਰ**
ਗੁਰ ਗੱਦੀ
ਗੁਰੂ ਅੰਗਦ ਦੇਵ ਜੀ

**੨੨ ਸਿਤੰਬਰ**
ਜੋਤੀ ਜੋਤ
ਗੁਰੂ ਨਾਨਕ ਦੇਵ ਜੀ




## ਗੁਰਮਤਿ ਸਟਡੀ - ਮਾਸਿਕ ਈ-ਜ਼ਾਇਨ

ਗੁਰਮਤਿ ਸਟਡੀ ਟੀਮ ਬੜੇ ਮਾਣ ਨਾਲ ਗੁਰਮਤਿ ਸਟਡੀ ਦਾ ਇਹ ਪਹਿਲਾ ਪ੍ਰਕਾਸ਼ਨ ਮਾਸਿਕ ਈ-ਜ਼ਾਇਨ, ਏਡਿਟੋਰਿਅਲ ਟੀਮ ਦਾ ਇਕ ਨਵਾ ਉਪਰਾਲਾ, ਪੇਸ਼ ਕਰਦੀ ਹੈ। ਮਾਸਿਕ ਈ-ਜ਼ਾਇਨ ਦੇ ਪ੍ਰਕਾਸ਼ਨ ਦਾ ਮੁੱਦਾ - ਗੁਰਮਤਿ ਵਿਚਾਰ, ਸਿਖ ਰਹਿਤ ਮਰਿਆਦਾ, ਇਤਿਹਾਸ ਅਤੇ ਮੀਡੀਆ ਦੀ ਗਤੀਵਿਧੀਆਂ ਬਾਰੇ ਜਰੂਰੀ ਜਾਣਕਾਰੀ ਦੇਣੀ ਹੈ।

ਈ-ਜ਼ਾਇਨ ਦੀ ਸ਼ੁਰੂਆਤ ਈ-ਮੀਡੀਆ ਰਾਹੀਂ ਕੀਤੀ ਜਾ ਰਹੀ ਹੈ ਤੇ ਨਾਲ ਹੀ ਇਸ਼ਤਿਹਾਰ ਰਾਹੀਂ ਵੀ ਇਸ ਨੂੰ ਪ੍ਰਕਾਸ਼ਿਤ ਕਰਨ ਦਾ ਵਿਚਾਰ ਹੈ । ਈ-ਜ਼ਾਇਨ ਦੀ ਇ-ਕਾਪੀ ਸਾਰੇ ਮੈਂਬਰਾਂ ਲਈ ਮੁਲ ਰਹਿਤ ਹੈ।

ਅਸੀਂ ਸਾਰੇ ਮੈਂਬਰ ਅਤੇ ਇਸ ਈ-ਜ਼ਾਇਨ ਨੂੰ ਪੜਨ ਵਾਲਿਆਂ ਪਾਸੋ ਵਿਚਾਰ, ਸੁਝਾਵ ਅਤੇ ਰਾਇ ਪ੍ਰਾਪਤ ਕਰਨਾ ਚਾਹੁੰਦੇ ਹਾਂ। ਜੇ ਆਪ ਜੀ ਨੂੰ ਇਹ ਈ-ਜ਼ਾਇਨ ਪਸੰਦ ਆਈ ਹੈ ਤਾਂ ਇਸ ਨੂੰ ਆਪਣੇ ਕੋਲ ਸੀਮਿਤ ਨਾ ਰਖ ਕੇ, ਹੋਰਨਾਂ ਨੂੰ ਵੀ ਭੇਜੋ। ਤੁਹਾਨੂੰ ਜੇ ਈ-ਜ਼ਾਇਨ ਕਿਸੇ ਰਾਹੀਂ ਪ੍ਰਾਪਤ ਹੋਈ ਹੈ ਤਾਂ ਤੁਸੀਂ gurmatstudy@gmail.com ਨੂੰ ਈ-ਮੇਲ ਲਿਖ ਕੇ ਇਸ ਦੇ ਮੈਂਬਰ ਬਣ ਸਕਦੇ ਹੋ ਤੇ ਹਰ ਮਹੀਨੇ ਇਸਦੀ ਕਾਪੀ ਈ-ਮੇਲ ਵਿਚ ਮੰਗਾ ਸਕਦੇ ਹੋ।

**ਜਰੂਰੀ ਬੇਨਤੀ:**

ਜੇ ਆਪ ਜੀ ਕੋਲ ਇਸ ਦੀ ਪ੍ਰਿੰਟ ਕਾਪੀ ਹੈ ਤਾਂ ਇਸ ਨੂੰ ਆਦਰ ਸਤਿਕਾਰ ਨਾਲ ਰਖਣਾ, ਇਸ ਵਿਚ ਗੁਰਬਾਣੀ ਹੈ, ਕ੍ਰਿਪਾ ਕਰਕੇ ਇਸ ਨੂੰ ਫਾੜਨਾ - ਸੁਟਣਾ ਨਹੀ ।

# ਗੁਰੂ ਗ੍ਰੰਥ ਸਾਹਿਬ ਜੀ

**ਪਹਿਲੇ ਮੁਖ ਗ੍ਰੰਥੀ**

ਬਾਬਾ ਬੁੱਢਾ ਜੀ

ਸੰਨ: ੧੬੦੪

**੬ ਹੋਰ ਰਾਗ ਜੋ ੩੧ ਮੁਖ ਰਾਗਾਂ ਵਿਚ ਵਰਤ ਕੇ, ੧੧ ਮਿਸ਼੍ਰਿਤ ਰਾਗ ਬਣਾਏ ਗਏ ਹਨ -**

(੧) ਲਲਿਤ
(੨) ਆਸਾਵਰੀ
(੩) ਹਿੰਡੋਲ
(੪) ਭੋਪਾਲੀ
(੫) ਬਿਭਾਸ
(੬) ਕਾਫੀ

**੧੧ ਮਿਸ਼੍ਰਿਤ ਰਾਗ**

(੧) ਗਉੜੀ ਮਾਝ
(੨) ਆਸਾ ਕਾਫੀ
(੩) ਤਿਲੰਗ ਕਾਫੀ
(੪) ਸੂਹੀ ਕਾਫੀ
(੫) ਸੂਹੀ ਲਲਿਤ
(੬) ਬਿਲਾਵਲ ਗੌਂਡ
(੭) ਮਾਰੂ ਕਾਫੀ
(੮) ਬਸੰਤ ਹਿੰਡੋਲ
(੯) ਕਲਿਆਣ ਭੋਪਾਲੀ
(੧੦) ਪ੍ਰਭਾਤੀ ਬਿਭਾਸ
(੧੧) ਆਸਾ ਆਸਾਵਰੀ

## ਵਿਧੀ ਤੇ ਬਨਾਵਟ

ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ਼ ਲਿਪੀ, ਉਸ ਸਮੇ ਦੀ ਪ੍ਰਚਲਿਤ - ਪੰਜਾਬੀ ਹੈ, ਨਾਲ ਹੀ ਕੁਝ ਸ਼ਬਦ ਫਾਰਸੀ, ਸੰਸਕ੍ਰਿਤ, ਮਰਾਠੀ ਅਤੇ ਅਰਬੀ ਵਿਚ ਹਨ। ਇਹ ਸਾਰੇ ਸ਼ਬਦਾਂ ਦੀ ਲਿਪੀ ਪੰਜਾਬੀ, ਜੋ ਕਿ ਗੁਰਮੁਖੀ ਦੇ ਨਾਮ ਨਾਲ ਗੁਰੂ ਅੰਗਦ ਦੇਵ ਜੀ ਦੁਆਰਾ ਪ੍ਰਸਿਧ ਕੀਤੀ ਗਈ। ਗੁਰੂ ਗ੍ਰੰਥ ਸਾਹਿਬ ਜੀ ਦੇ ਕੁਲ ੧੪੩੦ ਅੰਗ (ਪੰਨੇ) ਹਨ। ਹਰ ਅੰਗ ਵਿਚ ਕਰੀਬਨ ੧੮-੧੯ ਸਤਰਾਂ (ਲਾਇਨਾਂ) ਹਨ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਬਦਾਂ ਦਾ ਸੰਗ੍ਰਹ ਬਹੁਤ ਹੀ ਸੂਝ ਬੂਝ ਅਤੇ ਵਿਗਿਨਿਕ ਤਰੀਕੇ ਨਾਲ, ਗੁਰੂ ਅਰਜਨ ਦੇਵ ਜੀ ਨੇ ਸੰਨ ੧੬੦੧ ਤੋ ਲੈਕੇ ੧੬੦੪ ਵਿਚ ਪੂਰਾ ਕੀਤਾ। ਇਸ ਆਦਿ ਗ੍ਰੰਥ ਸਾਹਿਬ ਨੂੰ ਬੜੇ ਆਦਰ ਸਤਿਕਾਰ ਨਾਲ ਹਰਮੰਦਰ ਸਾਹਿਬ, ਅੰਮ੍ਰਿਤਸਰ ਦੇ ਨਵੇ ਹੱਾਲ ਵਿਚ ਲਿਆਂਦਾ ਗਿਆ। ਬਾਬਾ ਬੁੱਢਾ ਜੀ, ਜੋ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇ ਮੰਨੇ ਹੋਏ ਸਿਖਾਂ ਵਿਚੋਂ ਸਨ, ਮੁੱਖ ਗ੍ਰੰਥੀ ਦਾ ਮਾਨ ਸਨਮਾਨ ਦੇ ਕੇ ਪਹਿਲਾ ਹੁਕਮਨਾਮਾ ਪੜ੍ਹਨ ਦੀ ਸੇਵਾ ਦਿਤੀ ਗਈ। ਗੁਰੂ ਅਰਜਨ ਦੇਵ ਜੀ ਆਪ ਇਸ ਆਦਿ ਗ੍ਰੰਥ ਸਾਹਿਬ ਜੀ ਨੂੰ ਇੰਨਾ ਮਾਨ ਸਨਮਾਨ ਦਿੰਦੇ ਸਨ ਕਿ, ਕਦੀ ਵੀ ਇਸ ਆਦਿ ਗ੍ਰੰਥ ਸਾਹਿਬ ਦੇ ਪ੍ਰਕਾਸ਼ ਜਾਂ ਸੁਖਾਸਨ ਸਥਾਨ ਤੋ ਉਤੇ ਬੈਠੇ ਜਾਂ ਸੁਤੇ ਨਹੀ। ਸਿਖਾਂ ਨੇ ਵੀ ਇਹ ਕਿਰਿਆ ਬੜੇ ਆਦਰ ਸਤਿਕਾਰ ਨਾਲ ਨਿਭਾਈ। ਕੁਛ ਸਮੇ ਬਾਦ ਸੰਨ ੧੭੦੪ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਸਾਬੋ ਕੀ ਤਲਵੰਡੀ ਵਿਚ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਬਾਣੀ ਦੇ ਸ਼ਬਦ (੫੯) ਅਤੇ ਸਲੋਕ (੫੭) ਜੋ ੧੫ ਰਾਗ ਵਿਚ ਹਨ, ਆਦਿ ਗ੍ਰੰਥ ਸਾਹਿਬ ਜੀ ਵਿਚ, ਗੁਰੂ ਅਰਜਨ ਦੇਵ ਜੀ ਦੁਆਰਾ ਸਥਾਪਿਤ ਨਿਯਮਾਂ ਦੀ ਉਲੰਘਨਾਂ ਨਾਂ ਕਰਦੇ ਹੋਏ, ਦਰਜ਼ ਕੀਤੇ ।੨੧ ਅਕਤੂਬਰ ੧੭੦੮ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤ ਸਮਾਣ ਤੋਂ ਇਕ ਦਿਨ ਪਹਿਲਾ ੨੦ ਅਕਤੂਬਰ ਨੂੰ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ ਗੱਦੀ ਬਖਸ਼ ਦਿਤੀ। ਹੁਣ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਜੁਗੋ ਜੁਗ ਅਟਲ ਗੁਰੂ ਹਨ।

ਸ਼ਬਦਾਂ ਨੂੰ ਰਾਗਾਂ ਅਨੁਸਾਰ (ਜਿਸ ਤਰੀਕੇ ਨਾਲ ਸ਼ਬਦ ਗਾਇਨ ਕਰਨਾ ਹੈ) ਤਰਤੀਬ ਕੀਤਾ ਗਿਆ, ਇਸ ਤੋ ਇਲਾਵਾ ਸ਼ਬਦਾਂ ਦੇ ਭਾਵ ਅਰਥ, ਲਿਖਾਰੀ ਅਤੇ ਸੰਗੀਤ ਦੇ ਸੁਰਾਂ ਅਨੁਸਾਰ ਵੀ ਤਰਤੀਬ ਦਿਤੀ ਗਈ ਹੈ

ਗੁਰੂ ਗ੍ਰੰਥ ਸਾਹਿਬ ਜੀ ਵਿਚ ੩੩ ਭਾਗ ਹਨ। ਪਹਿਲੇ ਭਾਗ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਜੱਪ ਬਾਣੀ ਅੰਕਿਤ ਕੀਤੀ ਗਈ ਹੈ, ਜਿਸ ਦਾ ਗਾਇਨ ਨਹੀ ਕੀਤਾ ਜਾਂਦਾ।ਅਖੀਰਲੇ ਭਾਗ ਵਿਚ ਕਵਿਤਾਵਾਂ, ਜਿਸ ਵਿਚ ਭਟਾਂ ਦੇ ਸਲੋਕ ਅਤੇ ਸ੍ਵਯੈ ਹਨ। ਵਿਚਲੇ ੩੧ ਭਾਗਾਂ ਵਿਚ ਹੇਠ ਲਿਖੇ ਰਾਗ ਹਨ -

| | | |
|---|---|---|
| (੧) ਸਿਰੀ | (੧੧) ਜੈਤਸਰੀ | (੨੧) ਮਾਰੂ |
| (੨) ਮਾਝ | (੧੨) ਟੋਡੀ | (੨੨) ਤੁਖਾਰੀ |
| (੩) ਗਉੜੀ | (੧੩) ਬੈਰਾੜੀ | (੨੩) ਕੇਦਾਰਾ |
| (੪) ਆਸਾ | (੧੪) ਤਿਲੰਗ | (੨੪) ਭੈਰਉ |
| (੫) ਗੂਜਰੀ | (੧੫) ਸੂਹੀ | (੨੫) ਬਸੰਤ |
| (੬) ਦੇਵ ਗੰਧਾਰੀ | (੧੬) ਬਿਲਾਵਲੁ, | (੨੬) ਸਾਰੰਗ |
| (੭) ਬਿਹਾਗੜਾ | (੧੭) ਗੌਂਡ | (੨੭) ਮਲਾਰ |
| (੮) ਵਡਹੰਸੁ | (੧੮) ਰਾਮਕਲੀ | (੨੮) ਕਾਨੜਾ |
| (੯) ਸੋਰਠਿ | (੧੯) ਨਟ ਨਾਰਾਇਨ | (੨੯) ਕਲਿਆਣ |
| (੧੦) ਧਨਾਸਰੀ | (੨੦) ਮਾਲੀ ਗਉੜਾ | (੩੦) ਪ੍ਰਭਾਤੀ |
| | | (੩੧) ਜੈਜਾਵੰਤੀ |

**ਜਰੂਰੀ ਬੇਨਤੀ:**

ਜੇ ਆਪ ਜੀ ਕੋਲ ਇਸ ਦੀ ਪ੍ਰਿੰਟ ਕਾਪੀ ਹੈ ਤਾਂ ਇਸ ਨੂੰ ਆਦਰ ਸਤਿਕਾਰ ਨਾਲ ਰਖਨਾ, ਇਸ ਵਿਚ ਗੁਰਬਾਣੀ ਹੈ, ਕ੍ਰਿਪਾ ਕਰਕੇ ਇਸ ਨੂੰ ਫਾੜਨਾ - ਸੁਟਣਾ ਨਹੀ ।

**ਗੁਰੂ ਗ੍ਰੰਥ ਸਾਹਿਬ ਜੀ ਬਾਣੀ ਸੰਗ੍ਰਹ**

ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹਨਾਂ ਦੀ ਬਾਣੀ ਦਰਜ ਹੈ -

- ੬ ਗੁਰੂ ਸਾਹਿਬ
- ੧੫ ਭਗਤ
- ੧੧ ਭੱਟ
- ੩ ਸਿੱਖ

**ਰਾਗਾਂ ਦੀ ਅੰਦਰਲੀ ਤਰਤੀਬ ਇਸ ਪ੍ਰਕਾਰ ਹੈ -**

੧) ਚਉਪਦੇ: ਚਾਰ ਪਦ ਵਾਲੇ ਸ਼ਬਦ
੨) ਅਸ਼ਟਪਦੀ: ਅਠ ਪਦ ਵਾਲੇ ਸ਼ਬਦ
੩) ਖਾਸ ਲੰਬੀ ਕਵਿਤਾਵਾਂ
੪) ਛੰਦ : ਛੇ ਵਾਕ ਦੀ ਕਵਿਤਾ
੫) ਖਾਸ ਛੋਟੀ ਕਵਿਤਾਵਾਂ
੬) ਵਾਰ: ਦੋ ਜਾਂ ਦੋ ਤੋਂ ਵੱਧ ਸਲੋਕ ਅਤੇ ਫਿਰ ਅੰਤ ਵਿਚ ਸਮਾਨ ਅਰਥਾਂ ਵਾਲੀ ਕਵਿਤਾ (ਪਉੜੀ), ਅਤੇ
੭) ਭਗਤ ਬਾਣੀ

ਇਸ ਤੋਂ ਉਪਰੰਤ ਨੌਂਵੇ ਪਾਤਿਸ਼ਤਾਹ ਗੁਰੂ ਤੇਗ ਬਹਾਦਰ ਜੀ ਦੇ ਸਲੋਕ ਅਤੇ ਅੰਤ ਵਿਚ ਪੰਜਵੇਂ ਪਾਤਿਸ਼ਾਹ ਗੁਰੂ ਅਰਜਨ ਦੇਵ ਜੀ ਦਾ ਉਚਾਰਣ ਕੀਤਾ ਹੋਇਆ ਮੁੰਦਾਵਣੀ ਮਹਲਾ ੫ (ਮੁੰਦਾਵਾਣੀ ਦੇ ਅਰਥ ਹਨ ਆਖਰੀ/ਅੰਤਮ ਗੀਤ) "ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ" ਅਤੇ ਸਲੋਕ ਮਹਲਾ ੫ "ਤੇਰਾ ਕੀਤਾ ਜਾਤੋ ਨਾਹੀ" (ਹੇ ਅਕਾਲ ਪੁਰਖ ਤੇਰਾ ਅੰਤ ਨਹੀ ਪਾਇਆ ਜਾ ਸਕਦਾ) ਇਹ ਸਲੋਕ ਇਹ ਦਸਦਾ ਹੈ ਕਿ ਇਹ ਪਵਿਤਰ ਧਾਰਮਿਕ ਗ੍ਰੰਥ ਇਥੇ ਸੰਪੂਰਨ ਹੁੰਦਾ ਹੈ ।ਇਸ ਤੋਂ ਉਪਰੰਤ ਰਾਗਮਾਲਾ (ਰਾਗਾਂ ਦਾ ਸੰਗ੍ਰਹ - ਅੰਗ ੧੪੨੯ ਤੋਂ ੧੪੩੦) ਦਰਜ ਹੈ । ਰਹਿਤ ਮਰਿਆਦਾ ਵਿਚ ਰਾਗ ਮਾਲਾ ਬਾਰੇ ਜਿਕਰ ਆਉਂਦਾ ਹੈ - ਕਿ ਪੰਥਕ ਵਿਦਵਾਨਾ ਵਿਚ ਮਤਭੇਦ ਹਨ ਕਿ ਇਹ ਗੁਰੂ ਸਾਹਿਬਾਂ ਜੀ ਦੀ ਰਚਨਾ ਹੈ ਜਾਂ ਨਹੀ ।

**ਗੁਰਬਾਣੀ ਬਿਉਰਾ ਗੁਰੂ ਗ੍ਰੰਥ ਸਾਹਿਬ ਜੀ: ੬ ਗੁਰੂ ਸਾਹਿਬਾਨ**

ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ।

**ਗੁਰਬਾਣੀ ਬਿਉਰਾ ਗੁਰੂ ਗ੍ਰੰਥ ਸਾਹਿਬ ਜੀ: ੧੫ ਭਗਤ ਸਾਹਿਬਾਨ**

ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ, ਭਗਤ ਤ੍ਰਿਲੋਚਨ ਜੀ, ਭਗਤ ਸ਼ੇਖ ਫਰੀਦ ਜੀ, ਭਗਤ ਬੇਣੀ ਜੀ, ਭਗਤ ਧੰਨਾ ਜੀ, ਭਗਤ ਜੈਦੇਵ ਜੀ, ਭਗਤ ਭੀਖਨ ਜੀ, ਭਗਤ ਪਰਮਾਨੰਦ ਜੀ, ਭਗਤ ਸੈਣ ਜੀ, ਭਗਤ ਪੀਪਾ ਜੀ, ਭਗਤ ਸਧਨਾ ਜੀ, ਭਗਤ ਰਾਮਾਨੰਦ ਜੀ ਅਤੇ ਭਗਤ ਸੂਰਦਾਸ ਜੀ।

**ਗੁਰਬਾਣੀ ਬਿਉਰਾ ਗੁਰੂ ਗ੍ਰੰਥ ਸਾਹਿਬ ਜੀ: ੧੧ ਭੱਟ ਸਾਹਿਬਾਨ**

ਭੱਟ ਕਲਸਹਾਰ ਜੀ (ਕਲ੍ਹ/ ਟਲ੍ਹ ਜੀ) , ਭੱਟ ਗਯੰਦ ਜੀ, ਭੱਟ ਭਿੱਖਾ ਜੀ, ਭੱਟ ਕੀਰਤ ਜੀ, ਭੱਟ ਮਥੁਰਾ ਜੀ, ਭੱਟ ਜਾਲਪ ਜੀ, ਭੱਟ ਸਲ੍ਹ ਜੀ, ਭੱਟ ਭਲ੍ਹ ਜੀ, ਭੱਟ ਬਲ੍ਹ ਜੀ, ਭੱਟ ਹਰਿਬੰਸ ਜੀ ਅਤੇ ਭੱਟ ਨਲ੍ਹ ਜੀ ।

**ਗੁਰਬਾਣੀ ਬਿਉਰਾ ਗੁਰੂ ਗ੍ਰੰਥ ਸਾਹਿਬ ਜੀ: ੩ ਸਿੱਖ ਸਾਹਿਬਾਨ**

ਬਾਬਾ ਸੁੰਦਰ ਜੀ, ਬਾਬਾ ਬਲਵੰਡ ਜੀ ਅਤੇ ਬਾਬਾ ਸੱਤਾ ਜੀ

---

ਅਸੀਂ, ਆਪ ਸਾਰੀਆਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦੀ ਵਧਾਈ ਦਿੰਦੇ ਹੋਏ ਅਕਾਲ ਪੁਰਖ ਅਗੇ ਅਰਦਾਸ ਕਰਦੇ ਹਾਂ ਕਿ ਸਾਨੂੰ ਸਾਰਿਆਂ ਨੂੰ ਗੁਰੂ ਸਾਹਿਬਾਨ ਦੇ ਦਸੇ ਮਾਰਗ ਅਨੁਸਾਰ ਜੀਵਨ ਘਾਲਣਾ ਵਿਚ ਸਹਾਇਤਾ ਕਰਨ। ਅਗੇ ਅਸੀਂ ਆਦਿ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਹੁਕਮਨਾਮਾ (ਅੰਗ ੭੮੩-੭੮੪), ਅਰਥਾਂ ਸਮੇਤ ਆਪ ਸਾਰਿਆਂ ਨਾਲ ਸਾਂਝ ਕਰਦੇ ਹਾਂ ਜੀ ।

ਸੂਹੀ ਮਹਲਾ ੫ ॥

**ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥ ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥** ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥ ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥ ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥ ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥ ੧ ॥ ਨਵ ਨਿਧਿ ਸਿਧਿ ਰਿਧਿ ਦੀਨੇ ਕਰਤੇ ਤੋਟਿ ਨ ਆਵੈ ਕਾਈ ਰਾਮ ॥ ਖਾਤ ਖਰਚਤ ਬਿਲਛਤ ਸੁਖੁ ਪਾਇਆ ਕਰਤੇ ਕੀ ਦਾਤਿ ਸਵਾਈ ਰਾਮ ॥ ਦਾਤਿ ਸਵਾਈ ਨਿਖੁਟਿ ਨ ਜਾਈ ਅੰਤਰਜਾਮੀ ਪਾਇਆ ॥ ਕੋਟਿ ਬਿਘਨ ਸਗਲੇ ਉਠਿ ਨਾਠੇ ਦੂਖੁ ਨ ਨੇੜੈ ਆਇਆ ॥ ਸਾਂਤਿ ਸਹਜ ਆਨੰਦ ਘਨੇਰੇ ਬਿਨਸੀ ਭੂਖ ਸਬਾਈ ॥ ਨਾਨਕ ਗੁਣ ਗਾਵਹਿ ਸੁਆਮੀ ਕੇ ਅਚਰਜੁ ਜਿਸੁ ਵਡਿਆਈ ਰਾਮ ॥ ੨ ॥ ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ ॥ ਭਗਤ ਸੋਹਨਿ ਹਰਿ ਕੇ ਗੁਣ ਗਾਵਹਿ ਸਦਾ ਕਰਹਿ ਜੈਕਾਰਾ ਰਾਮ ॥ ਗੁਣ ਗਾਇ ਗੋਬਿੰਦ ਅਨਦ ਉਪਜੇ ਸਾਧਸੰਗਤਿ ਸੰਗਿ ਬਨੀ ॥ ਜਿਨਿ ਉਦਮੁ ਕੀਆ ਤਾਲ ਕੇਰਾ ਤਿਸ ਕੀ ਉਪਮਾ ਕਿਆ ਗਨੀ ॥ ਅਠਸਠਿ ਤੀਰਥ ਪੁੰਨ ਕਿਰਿਆ ਮਹਾ ਨਿਰਮਲ ਚਾਰਾ ॥ ਪਤਿਤ ਪਾਵਨੁ ਬਿਰਦੁ ਸੁਆਮੀ ਨਾਨਕ ਸਬਦ ਅਧਾਰਾ ॥ ੩ ॥ ਗੁਣ ਨਿਧਾਨ ਮੇਰਾ ਪ੍ਰਭੁ ਕਰਤਾ ਉਸਤਤਿ ਕਉਨੁ ਕਰੀਜੈ ਰਾਮ ॥ ਸੰਤਾ ਕੀ ਬੇਨੰਤੀ ਸੁਆਮੀ ਨਾਮੁ ਮਹਾ ਰਸੁ ਦੀਜੈ ਰਾਮ ॥ ਨਾਮੁ ਦੀਜੈ ਦਾਨੁ ਕੀਜੈ ਬਿਸਰੁ ਨਾਹੀ ਇਕ ਖਿਨੋ ॥ ਗੁਣ ਗੋਪਾਲ ਉਚਰੁ ਰਸਨਾ ਸਦਾ ਗਾਈਐ ਅਨਦਿਨੋ ॥ ਜਿਸੁ ਪ੍ਰੀਤਿ ਲਾਗੀ ਨਾਮ ਸੇਤੀ ਮਨੁ ਤਨੁ ਅੰਮ੍ਰਿਤ ਭੀਜੈ ॥ ਬਿਨਵੰਤਿ ਨਾਨਕ ਇਛ ਪੁੰਨੀ ਪੇਖਿ ਦਰਸਨੁ ਜੀਜੈ ॥ ੪ ॥ ੭ ॥ ੧੦ ॥

**ਅਰਥ** : ਹੇ ਭਾਈ ! (ਪਰਮਾਤਮਾ ਦਾ ਇਹ ਮੁੱਢ-ਕਦੀਮਾਂ ਦਾ ਸੁਭਾਉ ਹੈ ਕਿ ਆਪਣੇ) ਸੰਤਾਂ ਦੇ ਕੰਮ ਵਿਚ ਉਹ ਆਪ ਸਹਾਈ ਹੁੰਦਾ ਰਿਹਾ ਹੈ, ਆਪਣੇ ਸੰਤਾਂ ਦਾ ਕੰਮ ਸਿਰੇ ਚੜ੍ਹਾਣ ਲਈ ਉਹ ਆਪ ਆਉਂਦਾ ਰਿਹਾ ਹੈ ।ਹੇ ਭਾਈ ! (ਪਰਮਾਤਮਾ ਦੀ ਮਿਹਰ ਨਾਲ ਜਿਸ ਮਨੁੱਖ ਦੇ ਅੰਦਰ ਪਰਮਾਤਮਾ ਦਾ) ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਆਪਣਾ ਪੂਰਾ ਪ੍ਰਭਾਵ ਪਾ ਲੈਂਦਾ ਹੈ, ਉਸ ਮਨੁੱਖ ਦੀ (ਕਾਂਇਆਂ-) ਧਰਤੀ ਸੋਹਣੀ ਬਣ ਜਾਂਦੀ ਹੈ, ਉਸ ਮਨੁੱਖ ਦਾ (ਹਿਰਦਾ) ਤਲਾਬ ਸੋਹਣਾ ਹੋ ਜਾਂਦਾ ਹੈ । (ਜਿਸ ਮਨੁੱਖ ਦੇ ਅੰਦਰ ਪਰਮਾਤਮਾ ਦਾ) ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਨਕਾ-ਨਕ ਭਰ ਜਾਂਦਾ ਹੈ, (ਆਤਮਕ ਜੀਵਨ ਉੱਚਾ ਕਰਨ ਵਾਲਾ ਉਸ ਮਨੁੱਖ ਦਾ) ਸਾਰਾ ਉੱਦਮ ਪਰਮਾਤਮਾ ਸਿਰੇ ਚਾੜ੍ਹ ਦੇਂਦਾ ਹੈ, (ਉਸ ਮਨੁੱਖ ਦੀਆਂ) ਸਾਰੀਆਂ ਮੁਰਾਦਾਂ ਪੂਰੀਆਂ ਹੋ ਜਾਂਦੀਆਂ ਹਨ। (ਉਸ ਮਨੁੱਖ ਦੀ) ਸੋਭਾ ਸਾਰੇ ਜਗਤ ਵਿਚ ਹੋਣ ਲੱਗ ਪੈਂਦੀ ਹੈ, (ਉਸ ਦੇ) ਸਾਰੇ ਚਿੰਤਾ-ਝੋਰੇ ਮੁੱਕ ਜਾਂਦੇ ਹਨ । ਹੇ ਨਾਨਕ ! ਪਰਮੇਸਰ ਨੇ ਆਪਣਾ ਇਹ ਮੁੱਢ-ਕਦੀਮਾਂ ਦਾ ਸੁਭਾਉ ਸਦਾ ਹੀ ਕਾਇਮ ਰੱਖਿਆ ਹੈ (ਕਿ ਜਿਸ ਉਤੇ ਉਸ ਨੇ ਮਿਹਰ ਕੀਤੀ, ਉਸ ਨੇ ਉਸ ਦਾ) ਨਾਮ ਸਿਮਰਨਾ ਸ਼ੁਰੂ ਕਰ ਦਿੱਤਾ । ਉਸ ਸਰਬ-ਵਿਆਪਕ ਅਤੇ ਕਦੇ ਨਾਂ ਨਾਸ ਹੋਣ ਵਾਲੇ ਪਰਮਾਤਮਾ ਦੀ (ਇਹੀ) ਸਿਫ਼ਤਿ (ਪੁਰਾਣੇ ਧਰਮ-ਪੁਸਤਕਾਂ) ਵੇਦਾਂ ਅਤੇ ਪੁਰਾਣਾਂ ਨੇ (ਭੀ) ਕੀਤੀ ਹੈ ।੧।

ਹੇ ਭਾਈ ! (ਜਿਹੜੇ ਮਨੁੱਖ ਮਾਲਕ-ਪ੍ਰਭੂ ਦੀ ਮਿਹਰ ਨਾਲ ਉਸ ਦੇ ਗੁਣ ਗਾਂਦੇ ਹਨ ਉਹਨਾਂ ਨੂੰ) ਕਰਤਾਰ ਨੇ ਇਹ ਇਕ ਅਜਿਹੀ ਦਾਤਿ ਬਖ਼ਸ਼ੀ ਹੈ ਜੋ, ਮਾਨੋ, ਧਰਤੀ ਦੇ ਸਾਰੇ ਹੀ ਨੌ ਖ਼ਜ਼ਾਨੇ ਹੈ ਜੋ, ਮਾਨੋ, ਸਾਰੀਆਂ ਕਰਾਮਾਤੀ ਤਾਕਤਾਂ ਹੈ, ਇਸ ਦਾਤਿ ਵਿਚ ਕਦੇ ਕੋਈ ਕਮੀ ਨਹੀਂ ਹੁੰਦੀ । ਇਸ ਨਾਮ-ਦਾਤਿ ਨੂੰ ਖਾਂਦਿਆਂ ਵੰਡਦਿਆਂ ਤੇ ਮਾਣਦਿਆਂ ਉਹ ਆਤਮਕ ਆਨੰਦ ਮਾਣਦੇ ਹਨ, ਕਰਤਾਰ ਦੀ ਇਹ ਬਖ਼ਸ਼ਸ਼ (ਦਿਨੋ ਦਿਨ) ਵਧਦੀ ਰਹਿੰਦੀ ਹੈ । (ਯਕੀਨ ਜਾਣੋ, ਇਹ) ਦਾਤਿ ਵਧਦੀ ਰਹਿੰਦੀ ਹੈ, ਕਦੇ ਮੁੱਕਦੀ ਨਹੀਂ, ਇਸ ਦਾਤਿ ਦੀ ਬਰਕਤਿ ਨਾਲ ਉਹਨਾਂ ਨੂੰ ਹਰੇਕ ਦਿਲ ਦੀ ਜਾਣਨ ਵਾਲਾ ਪਰਮਾਤਮਾ ਮਿਲ ਪੈਂਦਾ ਹੈ, (ਜ਼ਿੰਦਗੀ ਦੇ ਸਫ਼ਰ ਵਿਚ ਆਉਣ ਵਾਲੀਆਂ) ਕ੍ਰੋੜਾਂ ਰੁਕਾਵਟਾਂ (ਉਹਨਾਂ ਦੇ ਰਸਤੇ ਵਿਚੋਂ) ਸਾਰੀਆਂ ਹੀ ਦੂਰ ਹੋ ਜਾਂਦੀਆਂ ਹਨ, ਕੋਈ ਦੁੱਖ ਉਹਨਾਂ ਦੇ ਨੇੜੇ ਨਹੀਂ ਢੁਕਦਾ ।(ਉਹਨਾਂ ਦੇ ਅੰਦਰੋਂ ਮਾਇਆ ਦੀ) ਸਾਰੀ ਹੀ ਭੁੱਖ ਨਾਸ ਹੋ ਜਾਂਦੀ ਹੈ, (ਉਹਨਾਂ ਦੇ ਅੰਦਰ) ਠੰਢ ਵਰਤੀ ਰਹਿੰਦੀ ਹੈ, ਆਤਮਕ ਅਡੋਲਤਾ ਦੇ ਅਨੇਕਾਂ ਆਨੰਦ ਬਣੇ ਰਹਿੰਦੇ ਹਨ । ਹੇ ਨਾਨਕ ! ਉਹ ਮਨੁੱਖ ਉਸ ਮਾਲਕ-ਪ੍ਰਭੂ ਦੇ ਗੁਣ ਗਾਂਦੇ ਰਹਿੰਦੇ ਹਨ, ਜਿਸ ਦੀ ਵਡਿਆਈ ਕਰਨਾ ਹੈਰਾਨ ਕਰ ਦੇਣ ਵਾਲਾ ਉੱਦਮ ਹੈ ।੨।

ਹੇ ਭਾਈ ! (ਸੰਤ ਜਨਾਂ ਨੂੰ ਆਪਣੇ ਚਰਨਾਂ ਨਾਲ ਜੋੜਨਾ) ਇਹ ਕੰਮ ਜਿਸ (ਪਰਮਾਤਮਾ) ਦਾ (ਆਪਣਾ) ਹੈ, ਉਸ ਨੇ ਹੀ (ਸਦਾ ਇਹ ਕੰਮ) ਕੀਤਾ ਹੈ, ਇਹ ਕੰਮ ਕਰਨ ਲਈ ਮਨੁੱਖ ਦੀ ਕੋਈ ਸਮਰਥਾ ਨਹੀਂ । (ਉਸੇ ਦੀ ਮਿਹਰ ਨਾਲ ਉਸ ਦੇ) ਭਗਤ (ਉਸ) ਹਰੀ ਦੇ ਗੁਣ ਗਾਂਦੇ ਰਹਿੰਦੇ ਹਨ, ਸਦਾ ਸਿਫ਼ਤਿ-ਸਾਲਾਹ ਕਰਦੇ ਰਹਿੰਦੇ ਹਨ, ਅਤੇ ਸੋਹਣੇ ਆਤਮਕ ਜੀਵਨ ਵਾਲੇ ਬਣਦੇ ਜਾਂਦੇ ਹਨ । ਪਰਮਾਤਮਾ ਦੇ ਗੁਣ ਗਾ ਗਾ ਕੇ (ਉਹਨਾਂ ਦੇ ਅੰਦਰ ਆਤਮਕ) ਆਨੰਦ (ਦੇ ਹੁਲਾਰੇ) ਪੈਦਾ ਹੁੰਦੇ ਰਹਿੰਦੇ ਹਨ, ਸਾਧ ਸੰਗਤਿ ਵਿਚ (ਟਿਕ ਕੇ ਪਰਮਾਤਮਾ) ਨਾਲ (ਉਹਨਾਂ ਦੀ ਪ੍ਰੀਤ) ਬਣੀ ਰਹਿੰਦੀ ਹੈ । ਹੇ ਭਾਈ ! ਜਿਸ (ਪਰਮਾਤਮਾ) ਨੇ (ਸੰਤ ਜਨਾਂ ਦੇ ਹਿਰਦੇ-) ਤਾਲ (ਵਿਚ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਭਰਨ) ਦਾ ਉੱਦਮ (ਸਦਾ) ਕੀਤਾ ਹੈ, ਮੈਂ ਉਸ ਦੀ ਕੋਈ ਵਡਿਆਈ ਬਿਆਨ ਕਰਨ ਜੋਗਾ ਨਹੀਂ ਹਾਂ । ਹੇ ਭਾਈ ! ਆਤਮਕ ਜੀਵਨ ਦੇਣ ਵਾਲੇ ਨਾਮ-ਜਲ ਨਾਮ ਭਰਪੂਰ ਇਸ ਸੰਤ-ਹਿਰਦੇ ਵਿਚ ਹੀ) ਅਠਾਹਠ ਤੀਰਥ ਆ ਜਾਂਦੇ ਹਨ, ਵੱਡੇ ਵੱਡੇ ਪਵਿੱਤਰ ਤੇ ਸੁੰਦਰ ਪੁੰਨ-ਕਰਮ ਆ ਜਾਂਦੇ ਹਨ । ਹੇ ਨਾਨਕ ! ਗੁਰੂ ਦੇ ਸ਼ਬਦ ਦਾ ਆਸਰਾ (ਦੇ ਕੇ) ਵੱਡੇ ਵੱਡੇ ਵਿਕਾਰੀਆਂ ਨੂੰ ਪਵਿੱਤਰ ਕਰ ਦੇਣਾ…ਮਾਲਕ-ਪ੍ਰਭੂ ਦਾ ਇਹ ਮੁੱਢ-ਕਦੀਮਾਂ ਦਾ ਸੁਭਾਉ ਤੁਰਿਆ ਆ ਰਿਹਾ ਹੈ ।੩।

ਹੇ ਭਾਈ ! ਮੇਰਾ ਕਰਤਾਰ ਮੇਰਾ ਪ੍ਰਭੂ ਸਾਰੇ ਗੁਣਾਂ ਦਾ ਖ਼ਜ਼ਾਨਾ ਹੈ । ਕੋਈ ਭੀ ਅਜਿਹਾ ਮਨੁੱਖ ਨਹੀਂ, ਜਿਸ ਪਾਸੋਂ (ਉਸ ਦੀ ਪੂਰੀ) ਵਡਿਆਈ ਕੀਤੀ ਜਾ ਸਕੇ । (ਉਸ ਦੇ) ਸੰਤ-ਜਨਾਂ ਦੀ (ਉਸ ਦੇ ਦਰ ਤੇ ਸਦਾ ਇਹ) ਅਰਦਾਸ ਹੁੰਦੀ ਹੈ…ਹੇ ਮਾਲਕ ਪ੍ਰਭੂ ! ਬੇਅੰਤ ਸੁਆਦਲਾ ਆਪਣਾ ਨਾਮ ਬਖ਼ਸ਼ੀ ਰੱਖ; ਇਹ ਮਿਹਰ ਕਰ ਕਿ ਆਪਣਾ ਨਾਮ ਬਖ਼ਸ਼ੀ ਰੱਖ, ਇਕ ਖਿਨ ਭਰ ਭੀ (ਸਾਡੇ ਹਿਰਦੇ ਵਿਚੋਂ) ਨਾਂ ਭੁੱਲ । ਹੇ ਭਾਈ ! (ਆਪਣੀ) ਜੀਭ ਨਾਲ ਗੋਪਾਲ ਦੇ ਗੁਣ ਉਚਾਰਦਾ ਰਿਹਾ ਕਰ । ਹਰ ਵੇਲੇ ਉਸ ਦੀ ਸਿਫ਼ਤਿ-ਸਾਲਾਹ ਕਰਦੇ ਰਹਿਣਾ ਚਾਹੀਦਾ ਹੈ । ਪਰਮਾਤਮਾ ਦੇ ਨਾਮ ਨਾਲ ਜਿਸ ਮਨੁੱਖ ਦਾ ਪਿਆਰ ਬਣ ਜਾਂਦਾ ਹੈ, ਉਸ ਦਾ ਮਨ ਉਸ ਦਾ ਤਨ ਆਤਮਕ ਜੀਵਨ ਦੇਣ ਵਾਲੇ ਨਾਮ-ਜਲ ਨਾਲ (ਸਦਾ) ਤਰ ਰਹਿੰਦਾ ਹੈ । ਨਾਨਕ ਬੇਨਤੀ ਕਰਦਾ ਹੈ…ਹੇ ਭਾਈ ! (ਪਰਮਾਤਮਾ ਦਾ) ਦਰਸਨ ਕਰ ਕੇ ਆਤਮਕ ਜੀਵਨ ਮਿਲ ਜਾਂਦਾ ਹੈ, ਹਰੇਕ ਇੱਛਾ ਪੂਰੀ ਹੋ ਜਾਂਦੀ ਹੈ ।੪।੭।੧੦।

- x- x - x-

ਜਰੂਰੀ ਬੇਨਤੀ:

ਜੇ ਆਪ ਜੀ ਕੋਲ ਇਸ ਦੀ ਪ੍ਰਿੰਟ ਕਾਪੀ ਹੈ ਤਾਂ ਇਸ ਨੂੰ ਆਦਰ ਸਤਿਕਾਰ ਨਾਲ ਰਖਨਾ, ਇਸ ਵਿਚ ਗੁਰਬਾਣੀ ਹੈ, ਕ੍ਰਿਪਾ ਕਰਕੇ ਇਸ ਨੂੰ ਫਾੜਨਾ – ਸੁਟਣਾ ਨਹੀ ।